**SET-4**

**Series BVM**

**Code No. 4**

Roll No. | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਦੇ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **15** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।

- Please check that this question paper contains **7** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **15** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 100*

*Time allowed : 3 hours* | *Maximum Marks : 100*

***ਨੋਟ:*** *ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।*

**1.** ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *10*

ਅਸੀਂ ਮੰਨਿਆਂ ਹੈ ਕਿ ਜ਼ਿੰਦਗੀ ਦਾ ਉਦੇਸ਼ ਅਧਿਆਤਮਕ ਪ੍ਰਾਪਤੀ ਹੈ । ਅਨੰਦ ਜਿੱਤ ਦਾ ਲੱਛਣ ਹੈ । ਜਿਹੜੀਆਂ ਕਿਤਾਬਾਂ ਸਾਨੂੰ ਅਨੰਦ ਦਿੰਦੀਆਂ ਹਨ, ਉਹ ਉਨ੍ਹਾਂ ਕਿਤਾਬਾਂ ਨਾਲੋਂ ਵੱਖਰੀਆਂ ਹਨ, ਜੋ ਸਾਡੀਆਂ ਇੰਦਰੀਆਂ ਨੂੰ ਤ੍ਰਿਪਤੀ ਦਿੰਦੀਆਂ ਹਨ । ਅਨੰਦ ਪ੍ਰੋੜਤਾ ਦੀ ਨਿਸ਼ਾਨੀ ਹੈ । ਜਦੋ ਅਸੀਂ ਕੋਈ ਕਿਤਾਬ ਪੜ੍ਹਦਿਆਂ ਅਨੰਦ ਦੀ ਪ੍ਰਤੀਤੀ ਕਰਦੇ ਹਾਂ ਉਸ ਵਿਚ ਲਿਖੇ ਵਿਚਾਰਾਂ ਨਾਲ ਸਾਂਝ ਮਹਿਸੂਸ ਕਰਦੇ ਹਾਂ – ਉਸੇ ਤਰ੍ਹਾਂ ਜਿਵੇਂ ਅਸੀਂ ਸੰਗੀਤ ਸੁਣਦਿਆਂ ਉਸ ਵਿੱਚ ਡੁੱਬ ਜਾਂਦੇ ਹਾਂ । ਅਨੰਦ ਸਰੀਰਕ ਸੁੱਖ ਨਾਲੋਂ ਵਧੇਰੇ ਸਥਾਈ ਹੁੰਦਾ ਹੈ ਤੇ ਪੀੜ ਵਿੱਚ ਵੀ ਮਾਣਿਆ ਜਾ ਸਕਦਾ ਹੈ । ਜਿਹੜੀਆਂ ਕਿਤਾਬਾਂ ਅਨੰਦ ਪੈਦਾ ਕਰਦੀਆਂ ਹਨ, ਉਹ ਸਾਡੀ ਹਉਮੈ ਨੂੰ ਮਾਰ ਸੁਟਦੀਆਂ ਹਨ । ਉਨ੍ਹਾਂ ਵਿੱਚ ਨਿਰੀ ਭਾਵੁਕਤਾ ਜਾਂ ਤਕਨੀਕੀ ਚਲਾਕੀ ਨਹੀਂ ਹੁੰਦੀ ਸਗੋਂ ਵਿਚਾਰਾਂ ਨੂੰ ਜਗਾਉਣ ਵਾਲੇ ਮਨੋਭਾਵ ਹੁੰਦੇ ਹਨ, ਜਿਨ੍ਹਾਂ ਬਾਰੇ ਗਹਿਰਾਈ ਨਾਲ ਸੋਚਿਆ ਹੁੰਦਾ ਹੈ ।

(ੳ) ਅਸੀਂ ਜ਼ਿੰਦਗੀ ਦਾ ਕੀ ਉਦੇਸ਼ ਮੰਨਿਆ ਹੈ ?

(ਅ) ਅਨੰਦ ਕੀ ਹੁੰਦਾ ਹੈ ?

(ੲ) ਅਸੀਂ ਅਨੰਦ ਦੀ ਪ੍ਰਤੀਤੀ ਕਿਵੇਂ ਕਰਦੇ ਹਾਂ ?

(ਸ) 'ਅਧਿਆਤਮ' ਅਤੇ 'ਹਉਮੈ' ਦੇ ਕੀ ਅਰਥ ਹਨ ?

**2.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇੱਕ*** ਉੱਤੇ (200 – 300 ਸ਼ਬਦਾਂ ਦਾ) ਲੇਖ ਲਿਖੋ : *10*

(ੳ) ਵੱਧ ਰਹੇ ਪ੍ਰਦੂਸ਼ਨ ਦੀ ਸਮੱਸਿਆ

(ਅ) ਧਰਮ ਆਪਸੀ ਪ੍ਰੇਮ ਦਾ ਸੰਦੇਸ਼ ਦਿੰਦਾ ਹੈ

(ੲ) ਨਾਰੀ ਸ਼ਕਤੀ

(ਸ) ਬਦਲੇ ਦੀ ਭਾਵਨਾ

**3.** ਤੁਸੀਂ ਆਪਣਾ ਮਕਾਨ ਵੇਚਣਾ ਹੈ – ਇਸ ਵਾਸਤੇ ਅਖ਼ਬਾਰ ਲਈ ਇੱਕ ਇਸ਼ਤਿਹਾਰ ਬਣਾਓ । *7*

**ਜਾਂ**

ਤੁਹਾਡੇ ਸਕੂਲ ਦੇ ਵਿਦਿਆਰਥੀ ਤਾਜ ਮਹਿਲ ਵੇਖਣ ਲਈ ਜਾ ਰਹੇ ਹਨ । ਉਸ ਜਾਣ ਵਾਲੇ ਗਰੁਪ ਵਿੱਚ ਨਾਮ ਲਿਖਾਉਣ ਲਈ ਇਕ ਨੋਟਿਸ ਤਿਆਰ ਕਰੋ ।

**4.** ਪੰਜਾਬੀ ਸਮਾਜ ਵਿਚ ਔਰਤ ਦੀ ਸਥਿਤੀ ਦਸਦਿਆਂ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ । *8*

**ਜਾਂ**

ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ ਕਿ ਸਵਛੱਤਾ ਕਿਉਂ ਜਰੂਰੀ ਹੈ ।

**5.** ਹੇਠ ਲਿਖੇ ਮੁਹਾਵਰਿਆਂ ਵਿੱਚੋਂ ***ਤਿੰਨ*** ਦੇ ਅਰਥ ਸੱਪਸ਼ਟ ਕਰੋ ਅਤੇ ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ : *3*

(ੳ) ਲਹੂ ਪੰਘਰਨਾ

(ਅ) ਲੇਖ ਸੜਨੇ

(ੲ) ਡੀਂਗ ਮਾਰਨੀ

(ਸ) ਟੰਗ ਅੜਾਉਣੀ

(ਹ) ਨੱਕ ਚਾੜ੍ਹਨਾ

**6.** (i) ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ–ਜੋੜ ਚੁਣੋ : *2*

(1) (ੳ) ਮਹਿਨਤ

(ਅ) ਮਿਹਨਤ

(ੲ) ਮੇਹਨਤ

(2) (ੳ) ਅਧਿਅਨ

(ਅ) ਅਧਿਐਨ

(ੲ) ਅਧੇਅਨ

(ii) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : *2*

(ੳ) ਚੋਕੀਦਾਰੀ

(ਅ) ਸਮਜਣਾ

(iii) ਸ਼ਬਦ-ਜੋੜਾਂ ਦੇ ਨੇਮਾਂ ਨੂੰ ਧਿਆਨ ਵਿੱਚ ਰਖਦਿਆਂ ਦਸੋ ਕਿ ਹੇਠਲੇ ਲਕੀਰੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਵਰਤਿਆ ਜਾਵੇ ? *2*

(ੳ) ਉਹ ਹੱਲਾ ਕਰਨ ਵਾਲਿਆਂ ਦਾ ਬਾਕਿਫ਼/ਵਾਕਿਫ਼ ਨਹੀਂ ਸੀ ।

(ਅ) ਦੋਸਤੀ ਵਿੱਚ ਡੀਂਗ/ਢੀਂਗ ਨਹੀਂ ਮਾਰੀਦੀ ।

**7.** ਹੇਠ ਲਿਖੇ ਪੈਰੇ ਨੂੰ ਸਹੀ ਬਿਸਰਾਮ-ਚਿੰਨ੍ਹ ਲਗਾਓ : *3*

ਗਰਮੀ ਬਹੁਤ ਸੀ ਪਰ ਸੈਰ ਕਰਨਾ ਵੀ ਜਰੂਰੀ ਸੀ ਸੈਰ ਸਿਹਤ ਲਈ ਚੰਗੀ ਜੁ ਹੁੰਦੀ ਹੈ ਹੁੰਦੀ ਹੈ ਨਾ

**8.** ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ : *3*

(ੳ) ਜ਼ਿਆਦਾ ਜ਼ੋਰ ਦਿੰਦੀ ਹੈ ਵਿਅਕਤੀ ਦੀ ਸੋਚ ਤੇ ਇਹ ਤਾਲੀਮ

(ਅ) ਲੋਕ-ਗੀਤ ਮਲਕੀਅਤ ਨਹੀਂ ਹੁੰਦੇ ਕਿਸੇ ਇਕ ਦਿਲ ਦੀ

(ੲ) ਮਨ ਮਾਰਕੇ ਬੈਠਣ ਦਾ ਸੁੰਨੀ ਥਾਵੇਂ ਕੋਈ ਲਾਭ ਨਹੀਂ

**9.** ਹੇਠ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ***ਇੱਕ*** ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *8*

ਬਾਲ, ਬੁੱਢੇ, ਗੱਭਰੂ, ਮੇਲੇ 'ਚ ਆਏ ਨੇਂ,
ਟੁੰਬ ਟੁੰਬ ਰੀਝਾਂ ਨੇ ਸਾਰੇ ਜਗਾਏ ਨੇ ।
ਭਾਂਤ ਭਾਂਤ ਦਿਲ, ਭਾਂਤੋ ਭਾਂਤ ਮਾਲ ਨੇਂ,
ਟੋਲ ਰਹੇ ਆਪੋ ਆਪਣਾ ਖ਼ਿਆਲ ਨੇਂ ।

(ੳ) ਇਥੇ ਕਿਸ ਮੇਲੇ ਦੀ ਗਲ ਕੀਤੀ ਜਾ ਰਹੀ ਹੈ ?

(ਅ) 'ਟੁੰਬ ਟੁੰਬ ਰੀਝਾਂ' ਦੇ ਕੀ ਅਰਥ ਹਨ ?

(ੲ) ਇਨ੍ਹਾਂ ਸਤਰਾਂ ਵਿੱਚ ਪੇਸ਼ ਦ੍ਰਿਸ਼ ਕਿਸ ਤਰ੍ਹਾਂ ਦਾ ਹੈ ?

(ਸ) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿਚੋਂ ਹਨ ?

**ਜਾਂ**

ਇਕ ਰੌਸ਼ਨਦਾਨ ਦੇ ਟੁੱਟੇ ਹੋਏ ਸ਼ੀਸ਼ੇ 'ਚੋਂ ਅੱਖਾਂ ਦੀ ਥਕਾਨ
ਕਿਸੇ ਛਲੀਆਂ ਦੇ ਬਾਪ ਨੇ ਵੀ ਕੀ ਕਰਨੀ ਏਂ ਰਾਖੀ
ਲਗੇ ਲਗੇ ਜਾਂਦੇ ਵੀ ਕੰਨ ਕਿਤੇ ਲਾਨ

(ੳ) ਇਨ੍ਹਾਂ ਸਤਰਾਂ ਵਿੱਚ ਪੇਸ਼ ਵਿਅੰਗ ਨੂੰ ਸਪਸ਼ੱਟ ਕਰੋ ।

(ਅ) 'ਛੱਲੀਆਂ ਦੇ ਬਾਪ' ਦਾ ਕੀ ਅਰਥ ਹੈ ?

(ੲ) ਇਥੇ ਕਿਸ ਰਾਖੀ ਦੀ ਗਲ ਕੀਤੀ ਜਾ ਰਹੀ ਹੈ ?

(ਸ) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿੱਚੋਂ ਹਨ ?

**10.** ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : *8*

ਜ਼ਹਿਰੀ ਦੁੱਧ ਖ਼ੂਨੀ ਗਾਂ
ਕਿੱਥੇ ਲਭੀਏ ਕਬਰ ਲਈ ਥਾਂ
ਕੇਹਾ ਮੁਲਕ ਕੇਹਾ ਗਰਾਂ
ਮਰ ਗਿਆ ਹੁਣ ਸੱਚਾ ਨਿਆਂ

**ਜਾਂ**

ਨਿੱਤ ਪਯਾਰ ਖਿਚ ਲਿਆਂਵਦਾ
ਕਰੇ ਅਰੂਪੋਂ ਰੂਪ
ਅਰਸ਼ੀ ਪ੍ਰੀਤਮ ਹੈ ਕੁਈ
ਨਿਤ ਫਿਰ ਕਰੇ ਅਰੂਪ ।

**11.** ਹੇਠ ਲਿਖੇ ਵਾਰਤਾਲਾਪ ਅੰਸ਼ਾਂ ਨੂੰ ਪੜ੍ਹੋ ਅਤੇ ਕਿਸੇ ***ਇੱਕ*** ਦੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *5*

ਉਹ ਜਿਵੇਂ-ਜਿਵੇਂ ਕਹਿੰਦਾ ਗਿਆ, ਘੋਗਾ ਓਵੇਂ-ਓਵੇਂ ਕਰਦਾ ਗਿਆ । ਜਦੋਂ ਉਹ ਅੱਖਾਂ ਮੀਟ ਕੇ ਬੈਠ ਗਿਆ ਤਾਂ ਸਾਧ ਬੋਲਿਆ, "ਆਂਖੇ ਬੰਦ ਰੱਖਨਾ ..."

(ੳ) ਘੋਗਾ ਕੌਣ ਹੈ ?

(ਅ) ਸਾਧ ਅਤੇ ਘੋਗਾ ਦਾ ਕੀ ਸੰਬੰਧ ਹੈ ?

(ੲ) ਘੋਗਾ ਸਾਧ ਦੀ ਗੱਲ ਕਿਉ ਮੰਨ ਰਿਹਾ ਹੈ ?

(ਸ) ਸਾਧ ਕੀ ਕਰ ਰਿਹਾ ਸੀ ?

(ਹ) ਸਾਧ ਨੇ ਘੋਗੇ ਨੂੰ ਅੱਖਾਂ ਬੰਦ ਕਰਨ ਲਈ ਕਿਉਂ ਕਿਹਾ ?

**ਜਾਂ**

"ਤੁਸੀਂ ਵੀ ਅੱਖਾਂ ਖੋਲ ਕੇ ਕਲਪਨਾ ਕਰ ਸਕਦੇ ਹੋ । ਕਲਪਨਾ ਤਾਂ ਮਨ ਕਰਦਾ ਹੈ । ਅੱਖਾਂ ਮੈਂ ਇਸ ਲਈ ਬੰਦ ਕਰਵਾਈਆਂ ਸਨ ਤਾਂ ਜੋ ਨੇੜੇ-ਨੇੜੇ ਦੀਆਂ ਚੀਜਾਂ ਤੁਹਾਡੀ ਇਕਾਗਰਤਾ ਤੇ ਕਲਪਨਾ ਵਿਚ ਵਿਘਨ ਨਾ ਪਾਉਣ ।"

(ੳ) ਇਹ ਸ਼ਬਦ ਕੌਣ ਕਹਿ ਰਿਹਾ ਹੈ ?

(ਅ) ਉਸਨੇ ਅੱਖਾਂ ਕਿਉਂ ਬੰਦ ਕਰਵਾਈਆਂ ਸਨ ?

(ੲ) 'ਇਕਾਗਰਤਾ' ਦੇ ਅਰਥ ਸਪਸ਼ੱਟ ਕਰੋ ।

(ਸ) ਕਿਸਨੂੰ ਅੱਖਾਂ ਬੰਦ ਕਰਨ ਲਈ ਕਿਹਾ ?

(ਹ) ਵਾਰਤਾਲਾਪ ਨਾਲ ਸੰਬੰਧਿਤ ਪੁਸਤਕ ਦਾ ਨਾਂ ਲਿਖੋ ।

**12.** 'ਗੁਆਚਿਆ ਮੁੰਡਾ' ਨਾਵਲ ਦੀ ਮੂਲ ਸਮਸਿਆ ਕੀ ਹੈ ? *7*

**ਜਾਂ**

'ਗੁਆਚਿਆ ਮੁੰਡਾ' ਨਾਵਲ ਵਿੱਚ ਘੋਗੇ ਨੂੰ ਵਹਿਮਾਂ-ਭਰਮਾਂ ਅਤੇ ਝੂਠੇ ਸਹਾਰਿਆਂ ਤੋਂ ਕਿਵੇ ਬਾਹਰ ਕਢਿਆ ਗਿਆ ਹੈ ?

**13.** ਹੇਠ ਲਿਖੇ ਕਥਾ-ਅੰਸ਼ਾਂ ਵਿਚੋਂ ਕਿਸੇ ***ਇੱਕ*** ਦੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ : *2+2+1=5*

ਲੋਕ ਮੂੰਹ-ਹਨੇਰੇ ਲੰਮੀਆਂ ਸੈਰਾਂ ਕਰਦੇ ਸਨ । ਦਿਨ ਨੂੰ ਕੰਮ-ਧੰਦਿਆਂ ਵਿਚ ਲੰਮੇ-ਲੰਮੇ ਪੰਧ ਮਾਰਦੇ ਸਨ । ਤੇ ਇਹ ਆਦਮੀ ਸੀ ਕਿ ਦਸ ਗਜ਼ ਦੀ ਦੂਰੀ ਤੋਂ ਕਾਰ ਵਿੱਚ ਸਿਗਰਟ ਖਰੀਦਣ ਜਾਂਦਾ ਸੀ ।

(ੳ) ਕਾਰ ਤੇ ਸਿਗਰਟ ਲਿਆਉਣ ਵਾਲਾ ਬੰਦਾ ਕੌਣ ਹੈ ?

(ਅ) ਕਾਰ ਵਾਲੇ ਪਾਤਰ ਦਾ ਦੂਜੇ ਪਾਤਰਾਂ ਨਾਲੋਂ ਕੀ ਅੰਤਰ ਹੈ ?

(ੲ) 'ਮੂੰਹ-ਹਨੇਰੇ' ਦੇ ਕੀ ਅਰਥ ਹਨ ?

**ਜਾਂ**

"ਆਰਾਮ ਨਾਲ ਮਹੀਨਾ ਦੋ ਮਹੀਨੇ ਰਹੋ । ਘਰ ਕਹਿ ਤਾਂ ਆਏ ਹੀ ਹੋ, ਫੇਰਵੀ ਚਿੱਠੀ ਪਾ ਦਿੰਦੇ ਹਾਂ ।"

(ੳ) ਇਹ ਸ਼ਬਦ ਕਿਸ ਪਾਤਰ ਵਲੋਂ ਕਿਸ ਪਾਤਰ ਨੂੰ ਕਹੇ ਗਏ ਹਨ ?

(ਅ) ਇਨ੍ਹਾਂ ਸ਼ਬਦਾਂ ਵਿਚਲੀ ਭਾਵਨਾ ਨੂੰ ਸਪਸ਼ੱਟ ਕਰੋ ।

(ੲ) ਕਹਾਣੀ ਅਤੇ ਕਹਾਣੀਕਾਰ ਦਾ ਨਾਂ ਦੱਸੋ ।

**14.** 'ਵਹਿੰਗੀ' ਕਹਾਣੀ ਵਿੱਚਲੇ ਸੰਦੇਸ਼ ਨੂੰ ਸਪਸ਼ੱਟ ਕਰੋ । *7*

**ਜਾਂ**

'ਮਿੱਸ ਸੌਫਟ' ਕਹਾਣੀ ਦੀ ਨਾਇਕਾ ਦਾ ਕਿਰਦਾਰ ਕਿਹੋ ਜਿਹਾ ਹੈ ?

**15.** ਗੁਰਮਤਿ ਕਾਵਿ ਦੀ ਵਿਚਾਰਧਾਰਾ ਬਾਰੇ ਵਿਚਾਰ 150 ਤੋਂ 200 ਸ਼ਬਦਾਂ ਵਿੱਚ ਦਿਉ । *10*

**ਜਾਂ**

ਸੂਫ਼ੀ ਕਵਿਤਾ ਦੀ ਉਤਪਤੀ ਬਾਰੇ 150 ਤੋਂ 200 ਸ਼ਬਦਾਂ ਵਿੱਚ ਆਪਣੇ ਵਿਚਾਰ ਲਿਖੋ ।